Royal Commission
into Aged Care Quality and Safety

PUNJABI

## ਬਜ਼ੁਰਗ ਦੇਖਰੇਖ ਗੁਣਵੱਤਾ ਅਤੇ ਸੁਰੱਖਿਆ ਲਈ ਰਾਇਲ ਕਮੀਸ਼ਨ (The Royal Commission into Aged Care Quality and Safety)

The Royal Commission into Aged Care Quality and Safety ਦੀ ਸਥਾਪਨਾ ਬਜ਼ੁਰਗ ਦੇਖਰੇਖ ਸੇਵਾਵਾਂ ਦੀ ਗੁਣਵੱਤਾ ਉੱਤੇ ਧਿਆਨ ਦੇਣ ਅਤੇ ਇਹ ਪਤਾ ਲਗਾਉਣ ਲਈ ਕੀਤੀ ਗਈ ਹੈ ਕਿ ਕੀ ਉਹ ਸੇਵਾਵਾਂ ਆਸਟ੍ਰੇਲੀਆਈ ਬਰਾਦਰੀ ਦੀਆਂ ਲੋੜਾਂ ਨੂੰ ਪੂਰਾ ਕਰ ਰਹੀਆਂ ਹਨ ਜਾਂ ਨਹੀਂ। ਇਸ ਵਿੱਚ ਸ਼ਾਮਿਲ ਹੈ:

- ਘਰ ਵਿੱਚ ਰਹਿਣ ਵਾਲੇ ਬਜ਼ੁਰਗਾਂ ਲਈ ਦੇਖਰੇਖ
- ਡਿਮੇਂਸ਼ੀਆ ਨਾਲ ਜੀਵਨ ਬਤੀਤ ਕਰਨ ਵਾਲੇ ਲੋਕ, ਅਤੇ
- ਅਪਾਹਜਤਾ ਨਾਲ ਪੀੜਿਤ ਨੌਜਵਾਨਾਂ ਸਮੇਤ ਰਿਹਾਇਸ਼ੀ ਬਜ਼ੁਰਗ ਦੇਖਰੇਖ ਕੇਂਦਰ ਵਿੱਚ ਰਹਿਣ ਵਾਲੇ ਲੋਕ।

ਕਮੀਸ਼ਨ ਸ਼ਹਿਰਾਂ, ਅਤੇ ਨਾਲ ਹੀ ਖੇਤਰੀ ਅਤੇ ਦੂਰ-ਦੁਰੇਡੇ ਦੇ ਖੇਤਰਾਂ ਵਿੱਚ ਪ੍ਰਦਾਨ ਕੀਤੀ ਜਾਣ ਵਾਲੀ ਦੇਖਰੇਖ ਦਾ ਨਿਰੀਖਣ ਕਰੇਗਾ। ਇਹ ਇਸ ਗੱਲ ਤੇ ਧਿਆਨ ਦਵੇਗਾ ਕਿ ਬਜ਼ੁਰਗ ਦੇਖਰੇਖ ਸੇਵਾਵਾਂ ਵਿੱਚ ਕਿਸ ਤਰ੍ਹਾਂ ਭਵਿੱਖ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ।

### ਜੇਕਰ ਕਿਸੇ ਬਜ਼ੁਰਗ ਦੇਖਰੇਖ ਸੇਵਾ ਨਾਲ ਤੁਹਾਡੀ ਕੋਈ ਸਮੱਸਿਆ ਹੈ ਜਿਸ ਤੇ ਤੁਰੰਤ ਕਾਰਵਾਈ ਕੀਤੇ ਜਾਣ ਦੀ ਲੋੜ ਹੈ

ਰਾਇਲ ਕਮੀਸ਼ਨ ਨਿੱਜੀ ਵਿਵਾਦਾਂ ਜਾਂ ਸ਼ਿਕਾਇਤਾਂ ਦਾ ਹੱਲ ਨਹੀਂ ਕਰ ਸਕਦਾ ਹੈ। ਇਹ ਕਿਸੇ ਦੇਖਰੇਖ ਪ੍ਰਦਾਤਾ ਜਾਂ ਵਿਅਕਤੀ ਨੂੰ ਕੋਈ ਖਾਸੀ ਕਾਰਵਾਈ ਕਰਨ ਜਾਂ ਮੁਆਵਜ਼ਾ ਦੇਣ ਦਾ ਹੁਕਮ ਨਹੀਂ ਦੇ ਸਕਦਾ ਹੈ। ਪਰ, ਬਜ਼ੁਰਗ ਦੇਖਰੇਖ ਗੁਣਵੱਤਾ ਅਤੇ ਸੁਰੱਖਿਆ ਕਮੀਸ਼ਨ (Aged Care Quality and Safety Commission) ਅਜਿਹੀ ਪਰਿਸਥਿਤੀ ਵਿੱਚ ਮਦਦ ਦੇਣ ਵਿੱਚ ਸਮਰਥ ਹੋ ਸਕਦਾ ਹੈ ਕਿਉਂਕਿ ਇਹ ਉਨ੍ਹਾਂ ਬਜ਼ੁਰਗ ਦੇਖਰੇਖ ਸੇਵਾਵਾਂ ਲਈ ਸ਼ਿਕਾਇਤ ਸੰਸਥਾ ਹੈ ਜਿਨ੍ਹਾਂ ਨੂੰ ਆਸਟ੍ਰੇਲੀਆਈ ਸਰਕਾਰ ਦੁਆਰਾ ਛੋਟ-ਪ੍ਰਾਪਤ ਹੈ।

ਜੇਕਰ ਤੁਸੀਂ ਕਿਸੇ ਵਿਅਕਤੀ ਨੂੰ ਵਰਤਮਾਨ ਵਿੱਚ ਪ੍ਰਦਾਨ ਕੀਤੀ ਜਾਣ ਵਾਲੀ ਬਜ਼ੁਰਗ ਦੇਖਰੇਖ ਸੇਵਾ ਦੀ ਗੁਣਵੱਤਾ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਸੀਂ Aged Care Quality and Safety Commission ਨੂੰ 1800 951 822 ਤੇ ਫੋਨ ਕਰ ਸਕਦੇ ਹੋ ਜਾਂ agedcarequality.gov.au ਵੈੱਬਸਾਈਟ ਵੇਖੋ। ਦੋਭਾਸ਼ੀਆ ਸੇਵਾਵਾਂ ਉਪਲਬਧ ਹਨ।